ਮਿੱਠੇ ਬੱਚੇ:- "ਮਿੱਠੇ ਬੱਚੇ ਵੱਡਾ ਬਾਬਾ ਤੁਹਾਨੂੰ ਵੱਡੇ ਆਦਮੀਆਂ ਨੂੰ ਜ਼ਿਆਦਾ ਮਿਹਨਤ ਨਹੀਂ ਦਿੰਦੇ, ਸਿਰਫ਼ ਦੋ ਅੱਖਰ ਯਾਦ ਕਰੋ ਅਲਫ਼ ਅਤੇ ਬੇ"

ਪ੍ਰਸ਼ਨ:- ਰੂਹਾਨੀ ਬਾਪ ਦਾ ਮੁੱਖ ਕਰਤੱਵ ਕਿਹੜਾ ਹੈ, ਜਿਸ ਵਿੱਚ ਹੀ ਬਾਪ ਨੂੰ ਮਜ਼ਾ ਆਉਂਦਾ ਹੈ?

ਉੱਤਰ:- ਰੂਹਾਨੀ ਬਾਪ ਦਾ ਮੁੱਖ ਕਰਤੱਵ ਪਤਿਤਾਂ ਨੂੰ ਪਾਵਨ ਬਣਾਉਣਾ। ਬਾਪ ਨੂੰ ਪਾਵਨ ਬਣਾਉਣ ਵਿੱਚ ਹੀ ਬਹੁਤ ਮਜ਼ਾ ਆਉਂਦਾ ਹੈ। ਬਾਪ ਆਉਂਦੇ ਹੀ ਹਨ ਬੱਚਿਆਂ ਦੀ ਸਦਗਤੀ ਕਰਨ, ਸਭ ਨੂੰ ਸਤੋਪ੍ਰਧਾਨ ਬਣਾਉਣ ਕਿਉਂਕਿ ਹੁਣ ਘਰ ਜਾਣਾ ਹੈ। ਸਿਰਫ਼ ਇੱਕ ਪਾਠ ਪੱਕਾ ਕਰੋ - ਅਸੀਂ ਦੇਹ ਨਹੀਂ ਆਤਮਾ ਹਾਂ। ਇਸੇ ਪਾਠ ਨਾਲ ਬਾਪ ਦੀ ਯਾਦ ਰਹੇਗੀ ਅਤੇ ਪਾਵਨ ਬਣੋਗੇ।

ਓਮ ਸ਼ਾਂਤੀ ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ। ਬਾਪ ਨੂੰ ਵੀ ਮਜ਼ਾ ਆਉਂਦਾ ਹੈ ਤੁਹਾਨੂੰ ਬੱਚਿਆਂ ਨੂੰ ਪਵਿੱਤਰ ਬਣਾਉਣ ਵਿੱਚ ਇਸ ਲਈ ਕਹਿੰਦੇ ਹਨ ਪਤਿਤ ਪਾਵਨ ਬਾਪ ਨੂੰ ਯਾਦ ਕਰੋ। ਸਰਵ ਦਾ ਸਦਗਤੀ ਦਾਤਾ ਉਹ ਇੱਕ ਬਾਪ ਹੀ ਹੈ, ਹੋਰ ਕੋਈ ਹੈ ਨਹੀਂ। ਇਹ ਵੀ ਤੁਸੀਂ ਹੁਣ ਸਮਝਦੇ ਹੋ ਕਿ ਹੁਣ ਘਰ ਜਾਣਾ ਹੈ ਜ਼ਰੂਰ। ਪੁਰਸ਼ਾਰਥ ਜ਼ਿਆਦਾ ਕਰਨ ਲਈ ਬਾਪ ਕਹਿੰਦੇ ਹਨ ਯਾਦ ਦੀ ਯਾਤਰਾ ਜ਼ਰੂਰੀ ਹੈ। ਯਾਦ ਨਾਲ ਹੀ ਪਾਵਨ ਬਣਾਂਗੇ ਫੇਰ ਹੈ ਪੜ੍ਹਾਈ। ਪਹਿਲਾਂ ਅਲਫ਼ ਬਾਪ ਨੂੰ ਯਾਦ ਕਰੋ, ਪਿੱਛੇ ਇਹ ਬਾਦਸ਼ਾਹੀ, ਜਿਸ ਲਈ ਤੁਹਾਨੂੰ ਡਾਇਰੈਕਸ਼ਨ ਦਿੰਦੇ ਹਨ। ਤੁਸੀਂ ਜਾਣਦੇ ਹੋ 84 ਜਨਮ ਕਿਵੇਂ ਲੈਂਦੇ ਹਾਂ। ਸਤੋਪ੍ਰਧਾਨ ਤੋਂ ਤਮੋਪ੍ਰਧਾਨ ਬਣਦੇ ਹਾਂ, ਪੌੜੀ ਥੱਲੇ ਉਤਰਨਾ ਹੁੰਦਾ ਹੈ। ਹੁਣ ਫੇਰ ਸਤੋਪ੍ਰਧਾਨ ਬਣਨਾ ਹੈ। ਸਤਿਯੁਗ ਹੈ ਪਾਵਨ ਦੁਨੀਆਂ, ਉੱਥੇ ਇੱਕ ਵੀ ਪਤਿਤ ਨਹੀਂ। ਸਤਿਯੁਗ ਵਿੱਚ ਇਹ ਗੱਲਾਂ ਹੁੰਦੀਆਂ ਨਹੀਂ। ਮੂਲ ਗੱਲ ਹੈ ਪਾਵਨ ਬਣਨ ਦੀ। ਹੁਣ ਤਾਂ ਪਵਿੱਤਰ ਬਣੋ ਤੱਦ ਹੀ ਨਵੀਂ ਦੁਨੀਆਂ ਵਿੱਚ ਆਵੋਗੇ ਅਤੇ ਰਾਜ ਕਰਨ ਦੇ ਲਾਇਕ ਬਣੋਗੇ। ਸਭ ਨੂੰ ਪਾਵਨ ਬਣਨਾ ਹੀ ਹੈ, ਉੱਥੇ ਪਤਿਤ ਹੁੰਦੇ ਹੀ ਨਹੀਂ। ਜੋ ਹੁਣ ਸਤੋਪ੍ਰਧਾਨ ਬਣਨ ਦਾ ਪੁਰਸ਼ਾਰਥ ਕਰਦੇ ਹਨ, ਉਹ ਹੀ ਪਾਵਨ ਦੁਨੀਆਂ ਦੇ ਮਾਲਿਕ ਬਣਨਗੇ। ਮੂਲ ਗੱਲ ਹੀ ਇੱਕ ਹੈ। ਬਾਪ ਨੂੰ ਯਾਦ ਕਰਨ ਨਾਲ ਸਤੋਪ੍ਰਧਾਨ ਬਣਨਾ ਹੈ। ਬਾਪ ਕੋਈ ਜਿਆਦਾ ਮਿਹਨਤ ਨਹੀਂ ਦਿੰਦੇ ਹਨ। ਸਿਰਫ਼ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ। ਬਾਰ - ਬਾਰ ਕਹਿੰਦੇ ਹਨ ਪਹਿਲਾਂ ਇਹ ਪਾਠ ਪੱਕਾ ਕਰੋ - ਅਸੀਂ ਦੇਹ ਨਹੀਂ ਆਤਮਾ ਹਾਂ ਬੱਸ। ਵੱਡੇ ਆਦਮੀ ਜਿਆਦਾ ਨਹੀਂ ਪੜ੍ਹਦੇ ਹਨ, ਦੋ ਅੱਖਰਾਂ ਵਿੱਚ ਹੀ ਸੁਣਾ ਦਿੰਦੇ ਹਨ। ਵੱਡੇ ਆਦਮੀਆਂ ਨੂੰ ਕੋਈ ਤਕਲੀਫ਼ ਨਹੀਂ ਦਿੱਤੀ ਜਾਂਦੀ ਹੈ। ਤੁਸੀਂ ਜਾਣਦੇ ਹੋ ਸਤੋਪ੍ਰਧਾਨ ਤੋਂ ਤਮੋਪ੍ਰਧਾਨ ਬਣਨ ਲਈ ਕਿੰਨੇ ਜਨਮ ਲੱਗੇ ਹਨ? 63 ਜਨਮ ਨਹੀਂ ਕਹਾਂਗੇ। 84 ਜਨਮ ਲੱਗੇ ਹਨ। ਇਹ ਤਾਂ ਨਿਸ਼ਚੈ ਹੈ ਨਾ ਕਿ ਅਸੀਂ ਸਤੋਪ੍ਰਧਾਨ ਸੀ, ਸ੍ਵਰਗਵਾਸੀ ਅਰਥਾਤ ਸੁੱਖਧਾਮ ਦੇ ਮਾਲਿਕ ਸੀ। ਸੁੱਖਧਾਮ ਸੀ ਜਿਸਨੂੰ ਆਦਿ ਸਨਾਤਨ ਦੇਵੀ - ਦੇਵਤਾ ਧਰਮ ਕਿਹਾ ਜਾਂਦਾ ਹੈ। ਸਨ ਉਹ ਵੀ ਮਨੁੱਖ, ਸਿਰਫ਼ ਦੈਵੀਗੁਣ ਵਾਲੇ ਸਨ। ਇਸ ਵਕਤ ਹੈ ਆਸੁਰੀ ਗੁਣ ਵਾਲੇ ਮਨੁੱਖ। ਇਹ ਤਾਂ ਸ਼ਾਸਤ੍ਰਾਂ ਵਿੱਚ ਲਿੱਖ ਦਿੱਤਾ ਹੈ ਕਿ ਅਸੁਰਾਂ ਅਤੇ ਦੇਵਤਾਵਾਂ ਦੀ ਯੁੱਧ ਲੱਗੀ ਤਾਂ ਦੇਵਤਾਵਾਂ ਦਾ ਰਾਜ ਸਥਾਪਨ ਹੋਇਆ। ਇਹ ਤਾਂ ਬਾਪ ਸਮਝਾਉਂਦੇ ਹਨ - ਤੁਸੀਂ ਪਹਿਲਾਂ ਅਸੁਰ ਸੀ। ਬਾਪ ਨੇ ਆਕੇ ਬ੍ਰਾਹਮਣ ਬਣਾਏ ਬ੍ਰਾਹਮਣ ਤੋਂ ਦੇਵਤਾ ਬਣਨ ਦੀ ਯੁਕਤੀ ਦੱਸੀ ਹੈ। ਬਾਕੀ ਅਸੁਰਾਂ ਅਤੇ ਦੇਵਤਾਵਾਂ ਦੀ ਲੜ੍ਹਾਈ ਦੀ ਤਾਂ ਕੋਈ ਗੱਲ ਨਹੀਂ ਹੈ। ਦੇਵਤਾਵਾਂ ਲਈ ਤਾਂ ਕਿਹਾ ਜਾਂਦਾ ਹੈ ਅਹਿੰਸਾ ਪਰਮੋ ਧਰਮ। ਦੇਵਤਾ ਕਦੀ ਲੜ੍ਹਾਈ ਥੋੜੀ ਨਾ ਕਰਦੇ ਸੀ। ਹਿੰਸਾ ਦੀ ਗੱਲ ਹੋ ਨਾ ਸਕੇ। ਸਤਿਯੁਗ ਵਿੱਚ ਦੈਵੀ ਰਾਜ ਵਿੱਚ ਲੜ੍ਹਾਈ ਕਿੱਥੋਂ ਦੀ ਆਈ। ਸਤਿਯੁਗ ਦੇ ਦੇਵਤਾ ਇੱਥੇ ਆਕੇ ਅਸੁਰਾਂ ਨਾਲ ਲੜਣਗੇ ਜਾਂ ਫੇਰ ਅਸੁਰ ਉੱਥੇ ਦੇਵਤਾਵਾਂ ਦੇ ਕੋਲ਼ ਜਾਕੇ ਲੜਣਗੇ? ਹੋ ਨਹੀਂ ਸਕਦਾ। ਇਹ ਹੈ ਪੁਰਾਣੀ ਦੁਨੀਆਂ, ਉਹ ਹੈ ਨਵੀਂ ਦੁਨੀਆਂ, ਫੇਰ ਲੜ੍ਹਾਈ ਕਿਵੇਂ ਹੋ ਸਕਦੀ ਹੈ। ਭਗਤੀ ਮਾਰਗ ਵਿੱਚ ਤਾਂ ਮਨੁੱਖ ਜੋ ਸੁਣਦੇ ਹਨ ਉਹ ਸੱਤ - ਸੱਤ ਕਰਦੇ ਰਹਿੰਦੇ ਹਨ। ਕਿਸੇ ਦੀ ਬੁੱਧੀ ਨਹੀਂ ਚਲਦੀ ਹੈ, ਬਿਲਕੁੱਲ ਹੀ ਪੱਥਰਬੁੱਧੀ ਹਨ। ਕਲਯੁੱਗ ਵਿੱਚ ਪੱਥਰਬੁੱਧੀ, ਸਤਿਯੁਗ ਵਿੱਚ ਪਾਰਸਬੁੱਧੀ ਹੁੰਦੇ ਹਨ। ਰਾਜ ਹੈ ਹੀ ਪਾਰਸਨਾਥ ਦਾ। ਇੱਥੇ ਤਾਂ ਰਾਜ ਹੈ ਨਹੀਂ। ਦਵਾਪਰ ਦੇ ਰਾਜੇ ਵੀ ਅਪਵਿੱਤਰ ਸਨ, ਰਤਨਜੜਿਤ ਤਾਜ਼ ਸੀ, ਲਾਈਟ ਦਾ ਨਹੀਂ ਮਤਲਬ ਪਵਿੱਤਰਤਾ ਨਹੀਂ ਸੀ। ਉੱਥੇ ਸਭ ਪਵਿੱਤਰ ਸਨ। ਇਸਦਾ ਮਤਲਬ ਇਹ ਨਹੀਂ ਕਿ ਲਾਈਟ ਕੋਈ ਇਵੇਂ ਹੀ ਉੱਪਰ ਖੜੀ ਰਹਿੰਦੀ ਹੈ। ਨਹੀਂ। ਚਿੱਤਰ ਵਿੱਚ ਪਵਿੱਤਰਤਾ ਦੀ ਨਿਸ਼ਾਨੀ ਲਾਈਟ ਵਖਾਈ ਹੈ। ਇਸ ਵਕਤ ਤੁਸੀਂ ਵੀ ਪਵਿੱਤਰ ਬਣਦੇ ਹੋ। ਤੁਹਾਡੀ ਲਾਈਟ ਕਿੱਥੇ ਹੈ? ਇਹ ਤੁਸੀਂ ਜਾਣਦੇ ਹੋ ਬਾਪ ਨਾਲ ਯੋਗ ਰੱਖ ਪਵਿੱਤਰ ਬਣਦੇ ਹਨ। ਉੱਥੇ ਵਿਕਾਰ ਦਾ ਨਾਮ ਨਹੀਂ। ਵਿਕਾਰੀ ਰਾਵਣ ਰਾਜ ਹੀ ਖ਼ਤਮ ਹੋ ਜਾਂਦਾ ਹੈ। ਇੱਥੇ ਰਾਵਣ ਵਿਖਾਉਂਦੇ ਹਨ, ਇਹ ਸਿੱਧ ਕਰਨ ਲਈ ਕਿ ਹੁਣ ਰਾਵਣ ਰਾਜ ਹੈ। ਰਾਵਣ ਨੂੰ ਹਰ ਵਰ੍ਹੇ ਸਾੜਦੇ ਹਨ, ਪਰ ਸੜਦਾ ਨਹੀਂ ਹੈ। ਤੁਸੀਂ ਉਸ ਉੱਤੇ ਜਿੱਤ ਪਾਉਂਦੇ ਹੋ, ਫੇਰ ਇਹ ਰਾਵਣ ਹੋਵੇਗਾ ਹੀ ਨਹੀਂ।

ਤੁਸੀਂ ਹੋ ਅਹਿੰਸਕ। ਤੁਹਾਡੀ ਜਿੱਤ ਯੋਗ ਬੱਲ ਨਾਲ ਹੁੰਦੀ ਹੈ। ਯਾਦ ਦੀ ਯਾਤਰਾ ਨਾਲ ਤੁਹਾਡੇ ਜਨਮ - ਜਨਮਾਂਤ੍ਰ ਦੇ ਸਭ ਵਿਕਰਮ ਵਿਨਾਸ਼ ਹੋਣੇ ਹਨ। ਜਨਮ - ਜਨਮਾਂਤ੍ਰ ਮਤਲਬ ਕਦੋਂ ਤੋਂ? ਵਿਕਰਮ ਕਦੋਂ ਸ਼ੁਰੂ ਹੁੰਦੇ ਹਨ? ਪਹਿਲਾਂ-ਪਹਿਲਾਂ ਤਾਂ ਤੁਸੀਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲੇ ਹੀ ਆਏ ਹੋ। ਸੂਰਜਵੰਸ਼ੀ ਫੇਰ ਚੰਦ੍ਰਵੰਸ਼ੀ ਵਿੱਚ ਦੋ ਕਲਾਂ ਘੱਟ ਹੋ ਜਾਂਦੀਆਂ ਹਨ। ਫੇਰ ਹੌਲੀ - ਹੌਲੀ ਕਲਾ ਘੱਟ ਹੁੰਦੀਆਂ ਜਾਂਦੀਆਂ ਹਨ। ਹੁਣ ਮੂਲ ਗੱਲ ਹੈ ਬਾਪ ਨੂੰ ਯਾਦ ਕਰ ਸਤੋਪ੍ਰਧਾਨ ਬਣਨ ਦੀ। ਜੋ ਕਲਪ ਪਹਿਲਾਂ ਸਤੋਪ੍ਰਧਾਨ ਬਣੇ ਸੀ,

ਉਹ ਹੀ ਬਣਨਗੇ। ਆਉਂਦੇ ਰਹਿਣਗੇ। ਨੰਬਰਵਾਰ ਤਾਂ ਹੁੰਦੇ ਹੀ ਹਨ। ਫੇਰ ਡਰਾਮਾ ਅਨੁਸਾਰ ਜਦ ਆਉਣਗੇ ਤਾਂ ਵੀ ਨੰਬਰਵਾਰ ਇਵੇਂ ਹੀ ਆਉਣਗੇ। ਆਕੇ ਜਨਮ ਲੈਣਗੇ। ਡਰਾਮਾ ਕਿੰਨਾ ਵਚਿੱਤਰ ਬਣਿਆ ਹੋਇਆ ਹੈ, ਇਸ ਨੂੰ ਜਾਣਨ ਲਈ ਵੀ ਸਮਝ ਚਾਹੀਦੀ ਹੈ। ਜਿਵੇਂ ਤੁਸੀਂ ਥੱਲੇ ਉੱਤਰੇ ਹੋ ਹੁਣ ਫੇਰ ਚੜ੍ਹਨਾ ਹੈ। ਨੰਬਰਵਾਰ ਹੀ ਪਾਸ ਹੋਣਗੇ ਫੇਰ ਨੰਬਰਵਾਰ ਥੱਲੇ ਆਉਣਗੇ। ਤੁਹਾਡੀ ਏਮ ਆਬਜੈਕਟ ਹੈ ਸਤੋਪ੍ਰਧਾਨ ਬਣਨ ਦੀ। ਸਭ ਤਾਂ ਫੁੱਲ ਪਾਸ ਨਹੀਂ ਹੁੰਦੇ ਹਨ। 100 ਨੰਬਰਾਂ ਤੋਂ ਫੇਰ ਘੱਟ - ਘੱਟ ਹੁੰਦੇ ਜਾਂਦੇ ਹਨ ਇਸਲਈ ਬਹੁਤ ਪੁਰਸ਼ਾਰਥ ਕਰਨਾ ਹੈ। ਇਸ ਪੁਰਸ਼ਾਰਥ ਵਿੱਚ ਹੀ ਫ਼ੇਲ੍ਹ ਹੁੰਦੇ ਹਨ। ਸਰਵਿਸ ਕਰਨਾ ਤਾਂ ਸਹਿਜ ਹੈ। ਮਿਊਜ਼ੀਅਮ ਵਿੱਚ ਤੁਸੀਂ ਕਿਸ ਰੀਤੀ ਸਮਝਾਉਂਦੇ ਹੋ, ਉਸ ਨਾਲ ਹਰ ਇੱਕ ਦੀ ਪੜ੍ਹਾਈ ਦਾ ਪਤਾ ਲੱਗ ਜਾਂਦਾ ਹੈ। ਹੈੱਡ ਟੀਚਰ ਵੇਖੇਗਾ ਇਹ ਠੀਕ ਨਹੀਂ ਸਮਝਾਉਂਦੇ ਹਨ ਤੇ ਖ਼ੁਦ ਜਾਕੇ ਸਮਝਾਉਣਗੇ, ਆਕੇ ਮਦਦ ਕਰਣਗੇ। ਇੱਕ - ਦੋ ਗਾਰਡ ਰੱਖੇ ਜਾਂਦੇ ਹਨ, ਜੋ ਵੇਖਦੇ ਹਨ ਇਹ ਠੀਕ ਸਮਝਾਉਂਦੇ ਹਨ? ਕੋਈ ਕੁਝ ਪੁੱਛਦਾ ਹੈ ਤਾਂ ਮੂੰਝ ਤੇ ਨਹੀਂ ਜਾਂਦੇ? ਇਹ ਵੀ ਸਮਝਦੇ ਹਨ, ਸੈਂਟਰ ਦੀ ਸਰਵਿਸ ਨਾਲ ਪ੍ਰਦਰਸ਼ਨੀ ਦੀ ਸਰਵਿਸ ਚੰਗੀ ਹੁੰਦੀ ਹੈ। ਪ੍ਰਦਰਸ਼ਨੀ ਨਾਲੋਂ ਮਿਊਜ਼ੀਅਮ ਵਿੱਚ ਚੰਗੀ ਹੁੰਦੀ ਹੈ। ਮਿਊਜ਼ੀਅਮ ਵਿੱਚ ਸ਼ੋ ਕਰਦੇ ਹਨ ਚੰਗੀ ਤਰ੍ਹਾਂ ਨਾਲ, ਫੇਰ ਜੋ ਵੇਖ ਕੇ ਜਾਂਦੇ ਹਨ ਹੋਰਾਂ ਨੂੰ ਸੁਣਾਉਂਦੇ ਰਹਿਣਗੇ। ਇਹ ਤਾਂ ਪਿਛਾੜੀ ਤੱਕ ਚਲਦਾ ਰਹੇਗਾ।

ਇਹ ਗੌਡ ਫਾਦਰਲੀ ਵਲਰਡ ਯੂਨੀਵਰਸਿਟੀ ਅੱਖਰ ਚੰਗਾ ਹੈ। ਇਸ ਵਿੱਚ ਮਨੁੱਖਾਂ ਦਾ ਤਾਂ ਨਾਮ ਹੀ ਨਹੀਂ ਹੈ। ਇਸਦਾ ਉਦਘਾਟਨ ਕੌਣ ਕਰਦਾ ਹੈ? ਬਾਪ ਨੇ ਕਿਹਾ ਹੈ ਤੁਸੀਂ ਵੱਡੇ ਆਦਮੀਆਂ ਤੋਂ ਉਦਘਾਟਨ ਕਰਵਾਉਂਦੇ ਹੋ, ਤੇ ਵੱਡੇ ਦਾ ਨਾਮ ਸੁਣ ਕੇ ਬਹੁਤ ਆਉਂਦੇ ਹਨ। ਇੱਕ ਦੇ ਪਿੱਛੇ ਢੇਰ ਆ ਜਾਣਗੇ ਇਸਲਈ ਬਾਬਾ ਨੇ ਦਿੱਲੀ ਵਿੱਚ ਲਿਖਿਆ ਕਿ ਵੱਡੇ - ਵੱਡੇ ਆਦਮੀਆਂ ਦੀ ਜੋ ਓਪੀਨੀਅਨ ਹੈ ਉਹ ਛਪਵਾਓ, ਤਾਂ ਮਨੁੱਖ ਵੇਖ ਕੇ ਕਹਿਣਗੇ ਇਹਨਾਂ ਦੇ ਕੋਲ ਇੰਨੇ ਵੱਡੇ - ਵੱਡੇ ਆਦਮੀ ਜਾਂਦੇ ਹਨ। ਇਹ ਤਾਂ ਬਹੁਤ ਚੰਗਾ ਓਪੀਨੀਅਨ ਦਿੰਦੇ ਹਨ। ਤਾਂ ਇਹ ਛਪਵਾਣਾ ਚੰਗਾ ਹੈ। ਇਸ ਵਿੱਚ ਹੋਰ ਤਾਂ ਕੋਈ ਜਾਦੂ ਆਦਿ ਦੀ ਗੱਲ ਨਹੀਂ ਇਸਲਈ ਬਾਬਾ ਲਿੱਖਦੇ ਰਹਿੰਦੇ ਹਨ ਓਪੀਨੀਅਨ ਦੀ ਕਿਤਾਬ ਬਣਨੀ ਚਾਹੀਦੀ ਹੈ। ਇੱਥੇ ਵੀ ਵੰਡਣਾ ਚਾਹੀਦਾ ਹੈ। ਗਾਇਆ ਜਾਂਦਾ ਹੈ ਝੂਠੀ ਕਾਇਆ, ਝੂਠੀ ਮਾਇਆ... ਇਸ ਵਿੱਚ ਸਭ ਆ ਜਾਂਦੇ ਹਨ। ਬਹੁਤ ਹਨ ਜੋ ਕਹਿੰਦੇ ਹਨ ਇਹ ਰਾਵਣ ਰਾਜ, ਰਾਖਸ਼ਸ ਰਾਜ ਹੈ। ਪਹਿਲਾਂ ਤਾਂ ਜਿਨ੍ਹਾਂ ਦਾ ਰਾਜ ਹੈ, ਉਨ੍ਹਾਂ ਨੂੰ ਖ਼ਿਆਲ ਆਉਣਾ ਚਾਹੀਦਾ ਹੈ। ਕਹਿੰਦੇ ਹਨ ਪਤਿਤਾਂ ਨੂੰ ਪਾਵਨ ਬਣਾਓ। ਪਤਿਤਪਣੇ ਵਿੱਚ ਸਭ ਕੁਝ ਆ ਗਿਆ। ਸਭ ਕਹਿੰਦੇ ਹਨ ਹੇ ਪਤਿਤ - ਪਾਵਨ ਤਾਂ ਜ਼ਰੂਰ ਪਤਿਤ ਠਹਿਰੇ ਨਾ।

ਤੁਸੀਂ ਇਹ ਚਿੱਤਰ ਵੀ ਠੀਕ ਬਣਾਇਆ ਹੈ ਕਿ ਪਤਿਤ - ਪਾਵਨ ਪਰਮਪਿਤਾ ਪ੍ਰਮਾਤਮਾ ਹੈ ਜਾਂ ਸਭ ਨਦੀ ਨਾਲੇ? ਅੰਮ੍ਰਿਤਸਰ ਵਿੱਚ ਵੀ ਤਲਾਬ ਹੈ। ਪਾਣੀ ਸਾਰਾ ਮੈਲਾ ਹੋ ਜਾਂਦਾ ਹੈ। ਉਸਨੂੰ ਉਹ ਲੋਕੀ ਅੰਮ੍ਰਿਤ ਦਾ ਤਲਾਬ ਸਮਝਦੇ ਹਨ। ਵੱਡੇ - ਵੱਡੇ ਰਾਜਾ ਲੋਕ ਅੰਮ੍ਰਿਤ ਸਮਝ ਤਲਾਬ ਸਾਫ਼ ਕਰਦੇ ਹਨ ਇਸਲਈ ਨਾਮ ਹੀ ਰੱਖਿਆ ਹੈ ਅੰਮ੍ਰਿਤਸਰ। ਹੁਣ ਅੰਮ੍ਰਿਤ ਤਾਂ ਗੰਗਾਂ ਜੀ ਨੂੰ ਵੀ ਕਹਿੰਦੇ ਹਨ, ਪਾਣੀ ਇੰਨਾ ਗੰਦਾ ਹੋ ਜਾਂਦਾ ਹੈ ਕਿ ਗੱਲ ਨਾ ਪੁੱਛੋ। ਬਾਬਾ ਨੇ ਇਨਾਂ ਨਦੀਆਂ ਆਦਿ ਵਿੱਚ ਇਸ਼ਨਾਨ ਕੀਤਾ ਹੋਇਆ ਹੈ। ਬਹੁਤ ਗੰਦਾ ਪਾਣੀ ਹੁੰਦਾ ਹੈ। ਫੇਰ ਮਿੱਟੀ ਚੁੱਕ ਕੇ ਲਗਾਉਂਦੇ ਹਨ। ਬਾਬਾ ਅਨੁਭਵੀ ਹੈ ਨਾ। ਸ਼ਰੀਰ ਵੀ ਪੁਰਾਣਾ ਅਨੁਭਵੀ ਲਿਆ ਹੈ। ਇਨ੍ਹਾਂ ਵਰਗਾ ਅਨੁਭਵੀ ਕੋਈ ਹੋਵੇਗਾ ਨਹੀਂ। ਵੱਡੇ - ਵੱਡੇ ਵਾਇਸਰਾਏ, ਕਿੰਗਸ ਆਦਿ ਨਾਲ ਵੀ ਮੁਲਾਕਾਤ ਕਰਨ ਦਾ ਅਨੁਭਵ ਸੀ। ਜਵਾਰ ਬਾਜਰੀ ਵੀ ਵੇਚਦੇ ਸੀ। ਬੱਸ 4-6 ਆਨਾਂ ਕਮਾਇਆ ਤੇ ਬਹੁਤ ਖੁਸ਼ ਹੋ ਜਾਂਦੇ ਸੀ ਬਚਪਨ ਵਿੱਚ। ਹੁਣ ਤਾਂ ਵੇਖੋ ਕਿੱਥੇ ਚਲੇ ਗਏ । ਗਾਂਵੜੇ ਦਾ ਛੋਰਾ ਫੇਰ ਕੀ ਬਣਦੇ ਹਨ? ਬਾਪ ਵੀ ਕਹਿੰਦੇ ਹਨ ਮੈਂ ਸਧਾਰਣ ਤਨ ਵਿੱਚ ਆਉਂਦਾ ਹਾਂ। ਇਹ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹਨ। ਕਿਵੇਂ 84 ਜਨਮ ਲੈ ਪਿਛਾੜੀ ਵਿੱਚ ਛੋਰਾ ਬਣਿਆ, ਇਹ ਬਾਪ ਬੈਠ ਸਮਝਾਉਂਦੇ ਹਨ। ਚਰਿੱਤਰ ਨਾ ਕ੍ਰਿਸ਼ਨ ਦੇ ਹਨ, ਨਾ ਕੰਸ ਦੇ ਹਨ। ਮਟਕੀ ਫੋੜਨਾ ਆਦਿ ਇਹ ਸਭ ਤਾਂ ਕ੍ਰਿਸ਼ਨ ਦੇ ਲਈ ਝੂਠ ਬੋਲਦੇ ਹਨ। ਬਾਪ ਵੇਖੋ ਕਿੰਨਾ ਸਿੰਪਲ ਦੱਸਦੇ ਹਨ - ਮਿੱਠੇ - ਮਿੱਠੇ ਬੱਚਿਓ, ਉੱਠਦੇ - ਬੈਠਦੇ ਤੁਸੀਂ ਸਿਰਫ਼ ਮਾਮੇਕਮ ਯਾਦ ਕਰੋ। ਮੈਂ ਉੱਚ ਤੇ ਉੱਚ ਸਾਰੀਆਂ ਆਤਮਾਵਾਂ ਦਾ ਬਾਪ ਹਾਂ। ਤੁਸੀਂ ਜਾਣਦੇ ਹੋ ਅਸੀਂ ਸਭ ਭਰਾ ਹਾਂ, ਉਹ ਬਾਪ ਹੈ। ਅਸੀਂ ਸਭ ਭਰਾ ਇੱਕ ਬਾਪ ਨੂੰ ਯਾਦ ਕਰਦੇ ਹਾਂ। ਉਹ ਤਾਂ ਹੈ ਭਗਵਾਨ, ਹੇ ਈਸ਼ਵਰ ਕਹਿੰਦੇ ਹਨ ਪਰ ਜਾਣਦੇ ਕੁਝ ਨਹੀਂ। ਬਾਪ ਨੇ ਹੁਣ ਪਰਿਚੈ ਦਿੱਤਾ ਹੈ। ਡਰਾਮਾ ਦੇ ਪਲਾਨ ਅਨੁਸਾਰ ਇਸਨੂੰ ਗੀਤਾ ਦਾ ਯੁੱਗ ਕਿਹਾ ਜਾਂਦਾ ਹੈ। ਕਿਉਂਕਿ ਬਾਪ ਆਕੇ ਗਿਆਨ ਸੁਣਾਉਂਦੇ ਹਨ ਜਿਸ ਨਾਲ ਉੱਚ ਬਣਦੇ ਹੋ। ਆਤਮਾ ਵੀ ਸ਼ਰੀਰ ਧਾਰਨ ਕਰ ਫੇਰ ਉਵਾਚ ਕਰਦੀ ਹੈ। ਬਾਪ ਨੂੰ ਵੀ ਦਿਵਿਯ ਅਲੌਕਿਕ ਕਰਤੱਵ ਕਰਨਾ ਹੈ ਤਾਂ ਸ਼ਰੀਰ ਦਾ ਅਧਾਰ ਲੈਂਦੇ ਹਨ। ਅੱਧਾਕਲਪ ਮਨੁੱਖ ਦੁੱਖੀ ਹੁੰਦੇ ਹਨ ਤੇ ਫੇਰ ਬੁਲਾਉਂਦੇ ਹਨ। ਬਾਪ ਕਲਪ ਵਿੱਚ ਇੱਕ ਹੀ ਵਾਰ ਆਉਂਦੇ ਹਨ। ਤੁਸੀਂ ਤਾਂ ਬਾਰ - ਬਾਰ ਪਾਰ੍ਹ ਵਜਾਉਂਦੇ ਹੋ। ਆਦਿ ਸਨਾਤਨ ਹੈ ਦੇਵੀ - ਦੇਵਤਾ ਧਰਮ, ਉਹ ਫਾਊਂਡੇਸ਼ਨ ਹੈ ਨਹੀਂ। ਉਹਨਾਂ ਦੇ ਬਾਕੀ ਸਿਰਫ਼ ਚਿੱਤਰ ਰਹਿ ਗਏ ਹਨ। ਤਾਂ ਬਾਪ ਵੀ ਕਹਿੰਦੇ ਹਨ ਤੁਹਾਨੂੰ ਇਹ ਲੱਛਮੀ - ਨਰਾਇਣ ਬਣਨਾ ਹੈ। ਏਮ ਆਬਜੈਕਟ ਤਾਂ ਸਾਹਮਣੇ ਖੜ੍ਹਾ ਹੈ। ਇਹ ਹੈ ਆਦਿ ਸਨਾਤਨ ਦੇਵੀ - ਦੇਵਤਾ ਧਰਮ। ਬਾਕੀ ਹਿੰਦੂ ਧਰਮ ਤਾਂ ਕੋਈ ਧਰਮ ਹੈ ਨਹੀਂ। ਹਿੰਦੂ ਤਾਂ ਹਿੰਦੁਸਤਾਨ ਦਾ ਨਾਮ ਹੈ। ਜਿਵੇਂ ਸੰਨਿਆਸੀ ਬ੍ਰਹਮ ਮਤਲਬ ਰਹਿਣ ਵਾਲੇ ਸਥਾਨ ਨੂੰ ਭਗਵਾਨ ਕਹਿ ਦਿੰਦੇ ਹਨ। ਉਵੇਂ ਹੀ ਫੇਰ ਰਹਿਣ ਦੇ ਸਥਾਨ ਨੂੰ ਆਪਣਾ ਧਰਮ ਕਹਿ ਦਿੰਦੇ ਹਨ, ਆਦਿ ਸਨਾਤਨ ਕੋਈ ਹਿੰਦੂ ਧਰਮ ਥੋੜੀ ਹੀ ਸੀ। ਹਿੰਦੂ ਤਾਂ ਦੇਵਤਾਵਾਂ ਦੇ ਅੱਗੇ ਜਾਕੇ ਉਨ੍ਹਾਂ ਨੂੰ ਨਮਨ ਕਰਦੇ ਹਨ, ਮਹਿਮਾ ਗਾਉਂਦੇ ਹਨ ਜੋ ਦੇਵਤਾ ਸੀ, ਉਹ ਹੀ ਹਿੰਦੂ ਬਣ ਗਏ। ਧਰਮ ਭ੍ਰਿਸ਼ਟ, ਕਰਮ ਭ੍ਰਿਸ਼ਟ ਹੋ ਗਏ ਹਨ। ਹੋਰ ਸਭ ਧਰਮ ਕਾਇਮ ਹਨ, ਇਹ ਦੇਵਤਾ ਧਰਮ ਹੀ ਪ੍ਰਾਏ: ਲੋਪ ਹੈ। ਆਪੇ ਹੀ ਪੂਜਯ ਸੀ ਫੇਰ ਪੁਜਾਰੀ ਬਣ ਦੇਵਤਾਵਾਂ ਦੀ ਪੂਜਾ ਕਰਦੇ ਹਨ। ਕਿੰਨਾ ਸਮਝਾਉਣਾ ਪੈਂਦਾ ਹੈ। ਕ੍ਰਿਸ਼ਨ ਦੇ ਲਈ ਵੀ ਕਿੰਨਾ ਸਮਝਾਉਂਦੇ ਹਨ। ਇਹ ਸ੍ਵਰਗ ਦਾ ਪਹਿਲਾਂ ਪ੍ਰਿੰਸ ਹੈ ਤਾਂ ਹੁਣ 84 ਜਨਮ ਵੀ ਉਸ ਤੋਂ ਸ਼ੁਰੂ ਹੋਣਗੇ। ਬਾਪ ਕਹਿੰਦੇ ਹਨ ਬਹੁਤ ਜਨਮਾਂ ਦੇ ਅੰਤ ਦੇ ਵੀ ਅੰਤ

ਵਿੱਚ ਮੈਂ ਪ੍ਰਵੇਸ਼ ਕਰਦਾ ਹਾਂ। ਤਾਂ ਉਸਦਾ ਜ਼ਰੂਰ ਹਿਸਾਬ ਵੀ ਦੱਸਣਗੇ ਨਾ। ਇਹ ਲੱਛਮੀ - ਨਰਾਇਣ ਹੀ ਨੰਬਰਵਨ ਵਿੱਚ ਆਏ ਸਨ। ਤਾਂ ਜੋ ਪਹਿਲਾਂ ਸੀ ਉਹੀ ਫੇਰ ਲਾਸ੍ਟ ਵਿੱਚ ਜਾਣਗੇ। ਸਿਰਫ਼ ਇੱਕ ਕ੍ਰਿਸ਼ਨ ਤੇ ਨਹੀਂ ਸੀ ਨਾ, ਹੋਰ ਵੀ ਤਾਂ ਵਿਸ਼ਨੂੰ ਵੰਸ਼ਾਵਲੀ ਸਨ। ਇਹ ਸਭ ਗੱਲਾਂ ਨੂੰ ਤੁਸੀਂ ਚੰਗੀ ਰੀਤੀ ਜਾਣਦੇ ਹੋ। ਇਹ ਫੇਰ ਭੁੱਲ ਨਹੀਂ ਜਾਣਾ ਹੈ। ਹੁਣ ਮਿਊਜ਼ੀਅਮ ਤਾਂ ਖੁੱਲਦੇ ਰਹਿੰਦੇ ਹਨ, ਬਹੁਤ ਖੁੱਲ ਜਾਣਗੇ। ਬਹੁਤ ਲੋਕੀ ਆਉਣਗੇ। ਜਿਵੇਂ ਮੰਦਿਰ ਵਿੱਚ ਜਾਕੇ ਮੱਥਾ ਟੇਕਦੇ ਹਨ। ਤੁਹਾਡੇ ਕੋਲ ਵੀ ਵੇਖਦੇ ਹਨ, ਲੱਛਮੀ - ਨਰਾਇਣ ਦਾ ਚਿੱਤਰ ਹੈ ਤਾਂ ਭਗਤ ਲੋਕੀ ਉਨ੍ਹਾਂ ਅੱਗੇ ਪੈਸੇ ਰੱਖ ਦਿੰਦੇ ਹਨ। ਤੁਸੀਂ ਕਹਿੰਦੇ ਹੋ ਇੱਥੇ ਤਾਂ ਸਮਝਣ ਦੀ ਗੱਲ ਹੈ, ਪੈਸੇ ਰੱਖਣ ਦੀ ਗੱਲ ਨਹੀਂ। ਹੁਣ ਤੁਸੀਂ ਸ਼ਿਵ ਦੇ ਮੰਦਿਰ ਵਿੱਚ ਜਾਵੋਗੇ ਤਾਂ ਪੈਸੇ ਰੱਖੋਗੇ ਕੀ? ਤੁਸੀਂ ਜਾਓਗੇ ਸਮਝਾਉਣ ਦੀ ਏਮ ਨਾਲ ਕਿਉਂਕਿ ਤੁਸੀਂ ਇਨ੍ਹਾਂ ਸਾਰਿਆਂ ਦੀ ਬਾਇਓਗ੍ਰਾਫੀ ਨੂੰ ਜਾਣਦੇ ਹੋ। ਮੰਦਿਰ ਤਾਂ ਬਹੁਤ ਹਨ। ਮੁੱਖ ਹੈ ਸ਼ਿਵ ਦਾ ਮੰਦਿਰ। ਉੱਥੇ ਹੋਰਾਂ ਦੀਆਂ ਮੂਰਤੀਆਂ ਕਿਉਂ ਰੱਖਦੇ ਹਨ। ਸਭ ਦੇ ਅੱਗੇ ਪੈਸੇ ਰੱਖਦੇ ਜਾਣਗੇ ਤਾਂ ਆਮਦਨੀ ਹੋਵੇਗੀ। ਤਾਂ ਉਹ ਸ਼ਿਵ ਦਾ ਮੰਦਿਰ ਕਹਿਣਗੇ ਜਾਂ ਸ਼ਿਵ ਪਰਿਵਾਰ ਦਾ ਮੰਦਿਰ ਕਹਿਣਗੇ। ਸ਼ਿਵਬਾਬਾ ਨੇ ਇਹ ਪਰਿਵਾਰ ਸਥਾਪਨ ਕੀਤਾ। ਸੱਚਾ - ਸੱਚਾ ਪਰਿਵਾਰ ਤਾਂ ਤੁਹਾਡੇ ਬ੍ਰਾਹਮਣਾ ਦਾ ਹੈ। ਸ਼ਿਵਬਾਬਾ ਦਾ ਪਰਿਵਾਰ ਤਾਂ ਸਾਲੀਗ੍ਰਾਮ ਹਨ। ਫੇਰ ਅਸੀਂ ਭਰਾ - ਭੈਣ ਦਾ ਪਰਿਵਾਰ ਬਣ ਜਾਂਦੇ ਹਾਂ। ਪਹਿਲਾਂ ਭਰਾ - ਭਰਾ ਸਨ, ਫੇਰ ਬਾਪ ਆਉਂਦੇ ਹਨ ਤਾਂ ਭਰਾ - ਭੈਣ ਬਣ ਜਾਂਦੇ ਹਾਂ। ਫੇਰ ਤੁਸੀਂ ਸਤਿਯੁਗ ਵਿੱਚ ਆਉਂਦੇ ਹੋ ਤਾਂ ਉੱਥੇ ਪਰਿਵਾਰ ਹੋਰ ਵੱਡਾ ਹੁੰਦਾ ਹੈ। ਉੱਥੇ ਵੀ ਵਿਆਹ ਹੁੰਦਾ ਹੈ ਤਾਂ ਪਰਿਵਾਰ ਹੋਰ ਵਾਧੇ ਨੂੰ ਪਾਉਂਦੇ ਹਨ। ਘਰ ਮਤਲਬ ਸ਼ਾਂਤੀਧਾਮ ਵਿੱਚ ਰਹਿੰਦੇ ਹਨ ਤਾਂ ਅਸੀਂ ਭਰਾ ਹਾਂ, ਇੱਕ ਬਾਪ ਹੈ। ਫੇਰ ਇੱਥੇ ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ ਭਰਾ - ਭੈਣ ਹਾਂ ਹੋਰ ਕੋਈ ਨਾਤਾ ਨਹੀਂ ਹੈ, ਫੇਰ ਰਾਵਣ ਰਾਜ ਵਿੱਚ ਬਹੁਤ ਵਾਧਾ ਹੁੰਦਾ ਜਾਂਦਾ ਹੈ। ਬਾਪ ਸਭ ਰਾਜ਼ ਸਮਝਾਉਂਦੇ ਰਹਿੰਦੇ ਹਨ ਫੇਰ ਵੀ ਕਹਿੰਦੇ ਹਨ - ਮਿੱਠੇ - ਮਿੱਠੇ ਬੱਚਿਓ, ਬਾਪ ਨੂੰ ਯਾਦ ਕਰੋ ਤਾਂ ਜਨਮ - ਜਨਮਾਂਤ੍ਰ ਦੇ ਪਾਪਾਂ ਦਾ ਬੋਝਾ ਉੱਤਰ ਜਾਏਗਾ। ਪੜ੍ਹਾਈ ਨਾਲ ਪਾਪ ਨਹੀਂ ਕੱਟਣਗੇ। ਬਾਪ ਦੀ ਯਾਦ ਹੀ ਮੁੱਖ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਫੁਲ ਨੰਬਰ ਤੋਂ ਪਾਸ ਹੋਣ ਲਈ ਆਪਣੀ ਬੁੱਧੀ ਨੂੰ ਸਤੋਪ੍ਰਧਾਨ ਪਾਰਸ ਬਣਾਉਣਾ ਹੈ। ਮੋਟੀ ਬੁੱਧੀ ਤੋਂ ਮਹੀਨ ਬੁੱਧੀ ਬਣ ਡਰਾਮਾ ਦੇ ਵਿਚਿੱਤਰ ਰਾਜ਼ ਨੂੰ ਸਮਝਣਾ ਹੈ।

2. ਹੁਣ ਬਾਪ ਸਮਾਨ ਦਿਵਿਯ ਅਤੇ ਅਲੌਕਿਕ ਕਰਮ ਕਰਨੇ ਹਨ। ਡਬਲ ਅਹਿੰਸਕ ਬਣ ਯੋਗਬਲ ਨਾਲ ਆਪਣੇ ਵਿਕਰਮ ਵਿਨਾਸ਼ ਕਰਨੇ ਹਨ।

ਵਰਦਾਨ:- ਕਰਮ ਅਤੇ ਯੋਗ ਦੇ ਬੈਲੇਂਸ ਦਵਾਰਾ ਬਲੇਸਿੰਗ ਦਾ ਅਨੁਭਵ ਕਰਨ ਵਾਲੇ ਕਰਮਯੋਗੀ ਭਵ

ਕਰਮਯੋਗੀ ਮਤਲਬ ਹਰ ਕਰਮ ਯੋਗਯੁਕਤ ਹੋਵੇ। ਕਰਮਯੋਗੀ ਆਤਮਾ ਸਦਾ ਹੀ ਕਰਮ ਅਤੇ ਯੋਗ ਦੇ ਨਾਲ ਮਤਲਬ ਬੈਲੇਂਸ ਰੱਖਣ ਵਾਲੀ ਹੋਵੇਗੀ। ਕਰਮ ਅਤੇ ਯੋਗ ਦਾ ਬੈਲੇਂਸ ਹੋਣ ਨਾਲ ਹਰ ਕਰਮ ਵਿੱਚ ਬਾਪ ਦਵਾਰਾ ਤਾਂ ਬਲੈਸਿੰਗ ਮਿਲਦੀ ਹੀ ਹੈ ਪਰ ਜਿਸਦੇ ਵੀ ਸੰਬੰਧ - ਸੰਪਰਕ ਵਿੱਚ ਆਉਂਦੇ ਹਨ ਉਹਨਾਂ ਕੋਲੋਂ ਵੀ ਦੁਆਵਾਂ ਮਿਲਦੀਆਂ ਹਨ। ਕੋਈ ਚੰਗਾ ਕੰਮ ਕਰਦਾ ਹੈ ਤਾਂ ਦਿਲ ਤੋਂ ਉਸਦੇ ਲਈ ਦੁਆਵਾਂ ਨਿਕਲਦੀਆਂ ਹਨ ਕਿ ਬਹੁਤ ਵਧੀਆ ਹੈ। ਬਹੁਤ ਚੰਗਾ ਮੰਨਣਾ ਹੀ ਦੁਆਵਾਂ ਹਨ।

ਸਲੋਗਨ:- ਸੈਕਿੰਡ ਵਿੱਚ ਸੰਕਲਪਾਂ ਨੂੰ ਸਟਾਪ ਕਰਨ ਦਾ ਅਭਿਆਸ ਹੀ ਕਰਮਾਤੀਤ ਅਵਸਥਾ ਦੇ ਸਮੀਪ ਲਿਆਏਗਾ।

******